ੴ ਵਾਹਿਗੁਰੂ ਜੀ ਕੀ ਫਤਿਹ

ਸੂਰਾਸੋਪਹਿਚਾਨੀਐਜੁਲਰੈਦੀਨਕੇਹੇਤ॥

# ਅਖੰਡ ਕੀਰਤਨੀ ਜਥਾ

-- ਪ੍ਰੈਸ ਨੋਟ --

ਦਸੰਬਰ, ੨੫, ੨੦੦੮

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਸਤਿਗੁਰੂ ਨਾਨਕ – ਦਸ਼ਮੇਸ਼ ਜੀ ਦੀ ਬਖਸ਼ਿਸ਼ ਦੁਆਰਾ ਵਰੋਸਾਏ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲਾਈ ਪ੍ਰੇਮ ਫੁਲਵਾੜੀ “ਅਖੰਡ ਕੀਰਤਨੀ ਜੱਥਾ” ਆਪਣੇ ਵਜੂਦ ਦੀ ਇਕ ਸਦੀ ਸੰਪੂਰਨ ਕਰ ਵਿਸ਼ਵ ਦੇ ਅਨੇਕਾਂ ਮੁਲਕਾਂ ਵਿੱਚ ਆਪਣੀ ਮਤਵਾਰੀ ਅਤੇ ਨਵੇਕਲੀ ਹੋਂਦ ਪਰਗਟਾਉਂਦਾ ਗੁਰਮਤਿ ਮਾਰਗ ਦੇ ਧਾਰਨੀਆਂ ਲਈ ਇਕ ਅਤਿ ਵਿਸ਼ੇਸ਼ ਜਥੇਬੰਦੀ ਬਣ ਚੁਕਿਆ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਓਹਨਾਂ ਦੇ ਸੰਗੀ ਸਾਥੀ ਰੰਗਲੇ ਸੱਜਣਾਂ ਨੇ ਗੁਰਮਤਿ ਗਾਡੀ ਰਾਹ ਤੇ ਚਲਦਿਆਂ ਹੋਇਆਂ ਨਾਮ ਦੀਆਂ ਅਤੁਟ ਕਮਾਈਆਂ ਕੀਤੀਆਂ, ਹਰ ਪ੍ਰਕਾਰ ਦੇ ਪੰਥਕ ਕਾਰਜਾਂ ਵਿੱਚ ਹਿੱਸਾ ਪਾਇਆ ਅਤੇ ਪੰਥ ਤੇ ਭੀੜ ਪੈਣ ਤੇ ਆਪਣੀਆਂ ਜਾਨਾਂ ਦੀ ਅਹੂਤੀ ਦੇਣ ਤੋਂ ਵੀ ਸੰਕੋਚ ਨਹੀਂ ਕੀਤਾ।

ਅਖੰਡ ਕੀਰਤਨੀ ਜੱਥੇ ਦੀਆਂ ਵਿਦੇਸ਼ੀ ਇਕਾਈਆਂ ਪੁਰਾਤਨ ਰਵਾਇਤਾਂ ਨੂੰ ਮੁਖ ਰੱਖਦਿਆਂ ਜੱਥੇ ਦੀ ਅਗਵਾਈ ਨਾਮ ਬਾਣੀ ਦੇ ਅਭਿਆਸੀ ਰਹਿਤਵਾਨ ਸਿੰਘ ਨੂੰ ਸੌਂਪਣ ਲਈ ਅਤਿ ਗੰਭੀਰ ਵਿਚਾਰ-ਵਟਾਂਦਰੇ ਉਪਰੰਤ ਆਪਣੇ ਫੈਂਸਲੇ ਨੂੰ ਸਿੱਖ ਜਗਤ ਸਨਮੁਖ ਰੱਖਣ ਦਾ ਮਾਨ ਹਾਸਲ ਕਰ ਰਹੀਆਂ ਹਨ।

ਭਾਈ ਸਾਹਿਬ ਸੂਰਤ ਸਿੰਘ (ਪੂਰਨ ਜੀ) ਦੇ ਸ਼ਰੀਰਕ ਵਿਛੋੜੇ ਉਪਰੰਤ ਅਖੰਡ ਕੀਰਤਨੀ ਜੱਥੇ ਦੀਆਂ ਵਿਦੇਸ਼ਾ ਵਿੱਚ ਫ਼ੈਲੀਆਂ ਇਕਾਈਆਂ ਨਾਲ ਪੂਰਨ ਤਾਲ ਮੇਲ ਤੇ ਵਿਚਾਰਾਂ ਦੀ ਸਾਂਝ ਉਪਰੰਤ ਅਸੀਂ ਜੱਥੇ ਨਾਲ ਪਿਛਲੇ ਕਈ ਦਹਾਕਿਆਂ ਤੋਂ ਜੁੜੇ ਭਾਈ ਮਹਿੰਦਰ ਸਿੰਘ ‘ਕਾਲਾ ਸੰਘਿਆਂ’ ਨੂੰ ਜੱਥੇ ਦੇ ਮੁਖ ਸੇਵਾਦਾਰ ਦੀਆਂ ਸੇਵਾਵਾਂ ਸੌਂਪ ਰਹੇ ਹਾਂ।

ਅਸੀਂ ਸਮੁਚੇ ਸਿੱਖ ਪੰਥ ਨੂੰ ਬੇਨਤੀ ਕਰਦੇ ਹਾਂ ਕਿ ਭਾਈ ਮਹਿੰਦਰ ਸਿੰਘ ‘ਕਾਲਾ ਸੰਘਿਆਂ’ ਨੂੰ ਜੱਥੇ ਦਾ ਪ੍ਰਬੰਧ ਚਲਾਉਣ ਲਈ ਹਰ ਪ੍ਰਕਾਰ ਦਾ ਸਹਿਯੋਗ ਦਿਤਾ ਜਾਵੇ।

ਗੁਰੂ ਕੀਆਂ ਸੰਗਤਾਂ ਦੇ ਦਾਸ:

| | | | |
|---|---|---|---|
| ਭਾਈ ਸਵਿੰਦਰ ਸਿੰਘ | ਅਖੰਡ ਕੀਰਤਨੀ ਜਥਾ, ਫ਼ਰਾਂਸ | ਭਾਈ ਅਮਰਜੀਤ ਸਿੰਘ | ਅਖੰਡ ਕੀਰਤਨੀ ਜਥਾ, ਇਟਲੀ |
| ਭਾਈ ਰੇਸ਼ਮ ਸਿੰਘ | ਅਖੰਡ ਕੀਰਤਨੀ ਜਥਾ, ਜਰਮਨੀ | ਭਾਈ ਕਰਮ ਸਿੰਘ | ਅਖੰਡ ਕੀਰਤਨੀ ਜਥਾ, ਹਾਲੈਂਡ |
| ਭਾਈ ਜਸਪ੍ਰੀਤ ਸਿੰਘ | ਅਖੰਡ ਕੀਰਤਨੀ ਜਥਾ, ਟੌਰੋਂਟੋ (ਤਪੋਬਨ), ਕਨੇਡਾ | ਭਾਈ ਸੱਜਨ ਸਿੰਘ | ਅਖੰਡ ਕੀਰਤਨੀ ਜਥਾ, ਸਵੀਡਨ |
| ਭਾਈ ਪ੍ਰਭਜੋਤ ਸਿੰਘ | ਅਖੰਡ ਕੀਰਤਨੀ ਜਥਾ, ਕੈਲੀਫੋਰਨੀਆਂ, ਅਮਰੀਕਾ | ਭਾਈ ਸ਼ੁਬੇਗ ਸਿੰਘ | ਅਖੰਡ ਕੀਰਤਨੀ ਜਥਾ, ਡੈਨਮਾਰਕ |
| ਸੇਵਾਦਾਰ | ਅਖੰਡ ਕੀਰਤਨੀ ਜਥਾ, ਨੌਰਵੇ | ਭਾਈ ਸੁਖਦੇਵ ਸਿੰਘ | ਇੰਗਲੈਂਡ |

###